# ਕੈਨੇਡਾ ਸਰਕਾਰ ਨੇ 2026 ਬਸੰਤ ਲਈ ਆਰਥਿਕ ਅੱਪਡੇਟ ਜਾਰੀ ਕੀਤਾ: *ਸਾਰਿਆਂ ਲਈ ਮਜ਼ਬੂਤ ਕੈਨੇਡਾ*

*ਕੈਨੇਡਾ ਦੀ ਨਵੀਂ ਸਰਕਾਰ ਸਾਰਿਆਂ ਲਈ ਮਜ਼ਬੂਤ ਕੈਨੇਡਾ ਬਣਾਉਣ ਦੇ ਆਪਣੇ ਮਿਸ਼ਨ ਨੂੰ ਅੱਗੇ ਵਧਾ ਰਹੀ ਹੈ।*

**28 ਅਪ੍ਰੈਲ, 2026 ਓਟਾਵਾ, ਓਨਟਾਰੀਓ ਵਿੱਤ ਵਿਭਾਗ ਕੈਨੇਡਾ (Department of Finance Canada)**

ਪਿਛਲੇ ਇੱਕ ਸਾਲ ਦੌਰਾਨ, ਕੈਨੇਡਾ ਨਿਵਾਸਿਆਂ ਨੇ ਤੇਜ਼ੀ ਨਾਲ ਬਦਲ ਰਹੀ ਅਤੇ ਵਧਦੀ ਹੋਈ ਖਿੰਡਰੀ ਹੋਈ ਦੁਨੀਆ ਵਿੱਚ ਆਪਣਾ ਰਾਹ ਬਣਾਇਆ ਹੈ।

ਇਸ ਦੇ ਜਵਾਬ ਵਿੱਚ, ਕੈਨੇਡਾ ਦੀ ਨਵੀਂ ਸਰਕਾਰ ਉਨ੍ਹਾਂ ਚੀਜ਼ਾਂ 'ਤੇ ਧਿਆਨ ਕੇਂਦਰਿਤ ਕਰ ਰਹੀ ਹੈ ਜੋ ਸਾਡੇ ਨਿਯੰਤਰਣ ਵਿੱਚ ਹਨ—ਇੱਕ ਮਜ਼ਬੂਤ, ਜ਼ਿਆਦਾ ਸੁਤੰਤਰ ਅਤੇ ਜ਼ਿਆਦਾ ਲਚਕਦਾਰ ਆਰਥਿਕਤਾ ਦਾ ਨਿਰਮਾਣ। ਅਸੀਂ ਵਿਦੇਸ਼ਾਂ ਵਿੱਚ ਆਪਣੇ ਵਪਾਰਕ ਭਾਈਵਾਲਾਂ ਵਿੱਚ ਵਿਭਿੰਨਤਾ ਲਿਆਉਣ ਅਤੇ ਦੇਸ਼ ਦੇ ਅੰਦਰ ਆਪਣੀ ਤਾਕਤ ਵਧਾਉਣ ਲਈ ਤੇਜ਼ੀ ਅਤੇ ਉਤਸ਼ਾਹ ਨਾਲ ਕੰਮ ਕਰ ਰਹੇ ਹਾਂ। ਅਸੀਂ ਜ਼ਿੰਮੇਵਾਰ ਵਿੱਤੀ ਪ੍ਰਬੰਧਨ ਪ੍ਰਦਾਨ ਕਰ ਰਹੇ ਹਾਂ ਅਤੇ ਉਨ੍ਹਾਂ ਕੈਨੇਡਾ ਨਿਵਾਸਿਆਂ ਦੀ ਸਹਾਇਤਾ ਕਰ ਰਹੇ ਹਾਂ ਜੋ ਰੋਜ਼ਾਨਾ ਦੇ ਖਰਚਿਆਂ ਦੇ ਦਬਾਅ ਹੇਠ ਹਨ—ਅੱਜ ਦੀ ਰਾਹਤ ਅਤੇ ਇੱਕ ਬਿਹਤਰ ਭਵਿੱਖ ਲਈ ਇੱਕ ਮਜ਼ਬੂਤ ਅਧਾਰ ਦੇ ਨਾਲ।

ਬਜਟ 2025 ਵਿੱਚ, ਅਸੀਂ 'ਮਜ਼ਬੂਤ ਕੈਨੇਡਾ' ਬਣਾਉਣ ਦੀ ਆਪਣੀ ਯੋਜਨਾ ਦੀ ਰੂਪ ਰੇਖਾ ਉਲੀਕੀ ਸੀ। ਉਸ ਸਮੇਂ ਤੋਂ, ਅਸੀਂ ਪ੍ਰਮੁੱਖ ਬੁਨਿਆਦੀ ਢਾਂਚੇ, ਘਰਾਂ ਅਤੇ ਉਦਯੋਗਾਂ ਨੂੰ ਬਣਾਉਣ ਲਈ ਤੇਜ਼ੀ ਨਾਲ ਕੰਮ ਕੀਤਾ ਹੈ ਜੋ ਕੈਨੇਡਾ ਦੀ ਆਰਥਿਕਤਾ ਨੂੰ ਵਧਾਉਂਦੇ ਹਨ ਅਤੇ ਸਥਾਈ ਖੁਸ਼ਹਾਲੀ ਪੈਦਾ ਕਰਦੇ ਹਨ; ਕੈਨੇਡਾ ਨਿਵਾਸਿਆਂ ਨੂੰ ਬਿਹਤਰ ਕਰੀਅਰ ਅਤੇ ਵਧੇਰੇ ਕਿਫਾਇਤੀ ਜੀਵਨ ਨਾਲ ਸ਼ਕਤੀਸ਼ਾਲੀ ਬਣਾਉਂਦੇ ਹਨ; ਅਤੇ ਸਾਡੇ ਭਾਈਚਾਰਿਆਂ, ਸਾਡੀਆਂ ਸਰਹੱਦਾਂ ਅਤੇ ਸਾਡੀ ਜੀਵਨ ਸ਼ੈਲੀ ਦੀ ਰੱਖਿਆ ਕਰਦੇ ਹਨ।

ਅਸੀਂ ਮੁੱਖ ਰਾਸ਼ਟਰੀ ਤਰਜੀਹਾਂ ਦਾ ਸਮਰਥਨ ਕਰਦੇ ਹੋਏ ਅਤੇ ਨਿਵੇਸ਼ਾਂ ਨੂੰ ਨਤੀਜਿਆਂ 'ਤੇ ਕੇਂਦਰਿਤ ਰੱਖਦੇ ਹੋਏ ਕੈਨੇਡਾ ਨਿਵਾਸਿਆਂ ਲਈ ਅਸਲ ਬੱਚਤਾਂ ਪ੍ਰਦਾਨ ਕੀਤੀਆਂ ਹਨ। ਅਸੀਂ ਇੱਕ ਮਜ਼ਬੂਤ ਵਿੱਤੀ ਸਥਿਤੀ ਬਣਾਈ ਰੱਖ ਰਹੇ ਹਾਂ, ਅਤੇ 2026 ਦੇ ਬਸੰਤ ਦਾ ਆਰਥਿਕ ਅੱਪਡੇਟ ਦਰਸਾਉਂਦਾ ਹੈ ਕਿ ਵਿੱਤੀ ਦੂਰੀ 'ਤੇ ਅਨੁਮਾਨਿਤ ਘਾਟੇ ਘੱਟ ਹਨ ਅਤੇ ਅਸੀਂ ਆਪਣੇ ਵਿੱਤੀ ਟੀਚਿਆਂ ਨੂੰ ਪੂਰਾ ਕਰਨ ਦੇ ਰਾਹ 'ਤੇ ਹਾਂ।

ਬਸੰਤ ਆਰਥਿਕ ਅੱਪਡੇਟ 2026 '*ਸਾਰਿਆਂ ਲਈ ਮਜ਼ਬੂਤ ਕੈਨੇਡਾ*' ਬਣਾਉਣ ਦੀ ਸਾਡੀ ਯੋਜਨਾ ਦਾ ਅਗਲਾ ਕਦਮ ਹੈ। ਇਹ ਕੈਨੇਡਾ ਦੀ ਆਰਥਿਕਤਾ ਦੀ ਮਜ਼ਬੂਤੀ ਬਾਰੇ ਸਪਸ਼ਟ ਜਾਣਕਾਰੀ ਪ੍ਰਦਾਨ ਕਰਦਾ ਹੈ, ਜਿਸ ਨਾਲ ਕੈਨੇਡਾ ਨਿਵਾਸਿਆਂ ਦਾ ਸਾਡੀ ਯੋਜਨਾ ਵਿੱਚ ਵਿਸ਼ਵਾਸ ਵਧਦਾ ਹੈ। ਇਹ ਜੀਵਨ ਨੂੰ ਜ਼ਿਆਦਾ ਕਿਫਾਇਤੀ ਬਣਾਉਣ, ਕਰਮਚਾਰੀਆਂ ਦੀ ਸਹਾਇਤਾ ਕਰਨ ਅਤੇ ਘਰਾਂ ਅਤੇ ਪ੍ਰਮੁੱਖ ਬੁਨਿਆਦੀ ਢਾਂਚੇ ਦੇ ਨਿਰਮਾਣ ਵਿੱਚ ਤੇਜ਼ੀ ਲਿਆਉਣ ਲਈ ਨਿਸ਼ਾਨਾ ਰਾਹਤ ਪ੍ਰਦਾਨ ਕਰਦਾ ਹੈ। ਇਹ ਦੇਸ਼ ਭਰ ਵਿੱਚ ਮਜ਼ਬੂਤ ਅਤੇ ਸੁਰੱਖਿਅਤ ਭਾਈਚਾਰਿਆਂ ਵਿੱਚ ਨਿਵੇਸ਼ ਕਰਦੇ ਹੋਏ ਕੈਨੇਡਾ ਦੀ ਮੁਕਾਬਲੇਬਾਜ਼ੀ ਅਤੇ ਆਰਥਿਕ ਵਿਕਾਸ ਨੂੰ ਵੀ ਮਜ਼ਬੂਤ ਕਰਦਾ ਹੈ।

ਕੈਨੇਡਾ ਦੀ ਨਵੀਂ ਸਰਕਾਰ ਸਾਡੀ ਆਰਥਿਕਤਾ ਨੂੰ ਨਿਰਭਰਤਾ ਤੋਂ ਲਚਕੀਲੇਪਨ ਵੱਲ ਬਦਲ ਰਹੀ ਹੈ। ਬਸੰਤ ਆਰਥਿਕ ਅੱਪਡੇਟ 2026 ਇਹ ਯਕੀਨੀ ਬਣਾਉਂਦਾ ਹੈ ਕਿ ਸਾਰੇ ਕੈਨੇਡਾ ਨਿਵਾਸੀ ਮਜ਼ਬੂਤ ਕੈਨੇਡਾ ਦੇ ਨਿਰਮਾਣ ਵਿੱਚ ਹਿੱਸਾ ਲੈ ਸਕਣ ਅਤੇ ਇਸਦੀ ਸਫਲਤਾ ਦਾ ਲਾਭ ਉਠਾ ਸਕਣ:

- **ਕੈਨੇਡਾ ਸਟ੍ਰੌਂਗ ਫੰਡ (Canada Strong Fund)**—ਕੈਨੇਡਾ ਦਾ ਪਹਿਲਾ ਰਾਸ਼ਟਰੀ ਪ੍ਰਭੂਸੱਤਾ ਸੰਪੰਨ ਵੈਲਥ ਫੰਡ (sovereign wealth fund). ਇਹ ਪ੍ਰਮੁੱਖ, ਰਣਨੀਤਕ ਕੈਨੇਡਾ ਦੇ ਪ੍ਰੋਜੈਕਟਾਂ ਅਤੇ ਕੰਪਨੀਆਂ ਵਿੱਚ ਨਿਵੇਸ਼ ਕਰੇਗਾ। ਜਿੱਥੇ ਕੈਨੇਡਾ ਨਿਵਾਸਿਆਂ ਨੂੰ ਨੌਕਰੀਆਂ, ਆਰਥਿਕ ਵਿਕਾਸ ਅਤੇ ਜ਼ਿਆਦਾ ਸੁਰੱਖਿਆ ਰਾਹੀਂ ਇਹਨਾਂ ਰਾਸ਼ਟਰ-ਨਿਰਮਾਣ ਪ੍ਰੋਜੈਕਟਾਂ ਤੋਂ ਲਾਭ ਹੋਵੇਗਾ, ਉੱਥੇ ਹੀ ਸਰਕਾਰ ਇਹ ਯਕੀਨੀ ਬਣਾਉਣ ਲਈ ਦ੍ਰਿੜ ਹੈ ਕਿ ਕੈਨੇਡਾ ਨਿਵਾਸਿਆਂ ਦੀ ਇਹਨਾਂ ਪ੍ਰੋਜੈਕਟਾਂ ਵਿੱਚ ਆਪਣੀ ਹਿੱਸੇਦਾਰੀ ਵੀ ਹੋਵੇ। ਇਸ ਲਈ 'ਕੈਨੇਡਾ ਸਟ੍ਰੌਂਗ ਫੰਡ' ਦੀ ਇੱਕ ਵਿਲੱਖਣ ਅਤੇ ਮਹੱਤਵਪੂਰਨ ਵਿਸ਼ੇਸ਼ਤਾ ਇਸਦਾ ਨਵਾਂ 'ਰੀਟੇਲ ਇਨਵੈਸਟਮੈਂਟ ਪ੍ਰੋਡਕਟ' ਹੋਵੇਗਾ। ਇਹ ਕੈਨੇਡਾ ਨਿਵਾਸਿਆਂ ਨੂੰ ਵਿੱਤੀ ਮੁਨਾਫ਼ਾ ਪ੍ਰਾਪਤ ਕਰਨ ਦੀ ਇਜਾਜ਼ਤ ਦਿੰਦਾ ਹੈ ਕਿਉਂਕਿ ਅਸੀਂ ਮਿਲ ਕੇ ਮਜ਼ਬੂਤ ਕੈਨੇਡਾ ਦਾ ਨਿਰਮਾਣ ਕਰਦੇ ਹਾਂ।
- **ਟੀਮ ਕੈਨੇਡਾ ਸਟ੍ਰੌਂਗ (Team Canada Strong)**—2030-31 ਤੱਕ 80,000 ਤੋਂ 100,000 ਨਵੇਂ ਹੁਨਰਮੰਦ ਵਪਾਰਕ ਕਾਮਿਆਂ ਦੀ ਭਰਤੀ, ਸਿਖਲਾਈ ਅਤੇ ਨਿਯੁਕਤੀ ਲਈ ਇੱਕ ਨਵੀਂ ਦੇਸ਼ ਵਿਆਪੀ ਕੋਸ਼ਿਸ਼। ਇਹ ਪਹਿਲ ਕੈਨੇਡਾ ਨਿਵਾਸਿਆਂ ਲਈ ਨਵੇਂ ਮੌਕੇ ਪੈਦਾ ਕਰਦੀ ਹੈ ਅਤੇ ਤੇਜ਼ੀ ਨਾਲ ਅਤੇ ਵੱਡੇ ਪੱਧਰ 'ਤੇ ਵਧੇਰੇ ਘਰ ਅਤੇ ਪ੍ਰਮੁੱਖ ਪ੍ਰੋਜੈਕਟ ਬਣਾਉਣ ਲਈ ਲੋੜੀਂਦੇ ਕਾਮਿਆਂ ਨੂੰ ਆਕਰਸ਼ਿਤ ਕਰਦੀ ਹੈ।
- **ਮਜ਼ਬੂਤ ਅਤੇ ਸੁਰੱਖਿਅਤ ਭਾਈਚਾਰਿਆਂ ਦਾ ਨਿਰਮਾਣ**—ਭਾਈਚਾਰਿਆਂ ਨੂੰ ਸੁਰੱਖਿਅਤ, ਜ਼ਿਆਦਾ ਜੁੜੇ ਹੋਏ ਅਤੇ ਜ਼ਿਆਦਾ ਲਚਕਦਾਰ ਬਣਾ ਕੇ। ਅਸੀਂ ਵਧੇਰੇ ਘਰ ਬਣਾ ਰਹੇ ਹਾਂ, ਅਪਰਾਧ ਅਤੇ ਧੋਖਾਧੜੀ ਵਿਰੁੱਧ ਸਖ਼ਤੀ ਕਰ ਰਹੇ ਹਾਂ, ਅਤੇ ਜ਼ਰੂਰੀ ਬੁਨਿਆਦੀ ਢਾਂਚੇ ਲਈ ਫੰਡ ਦੇ ਰਹੇ ਹਾਂ, ਜਿਸ ਵਿੱਚ ਛੋਟੀਆਂ ਬੰਦਰਗਾਹਾਂ ਸ਼ਾਮਲ ਹਨ ਜੋ ਤੱਟਵਰਤੀ ਭਾਈਚਾਰਿਆਂ ਅਤੇ ਸਥਾਨਕ ਨੌਕਰੀਆਂ ਦਾ ਸਮਰਥਨ ਕਰਦੀਆਂ ਹਨ। ਅਸੀਂ ਸਿਹਤਮੰਦ, ਸੁਰੱਖਿਅਤ ਅਤੇ ਮਜ਼ਬੂਤ ਸਵਦੇਸ਼ੀ ਭਾਈਚਾਰਿਆਂ ਦੇ ਨਿਰਮਾਣ ਲਈ ਵੀ ਨਿਵੇਸ਼ ਕਰ ਰਹੇ ਹਾਂ।

ਇਸ ਅੱਪਡੇਟ ਵਿੱਚ, ਅਸੀਂ ਇਸ ਬਾਰੇ ਇੱਕ ਸਪਸ਼ਟ ਅਤੇ ਪਾਰਦਰਸ਼ੀ ਵੇਰਵਾ ਦੇ ਰਹੇ ਹਾਂ ਕਿ ਸਾਡੀ ਆਰਥਿਕਤਾ ਇੱਕ ਵਧਦੀ ਹੋਈ ਅਨਿਸ਼ਚਿਤ ਦੁਨੀਆ ਵਿੱਚ ਕਿਵੇਂ ਪ੍ਰਦਰਸ਼ਨ ਕਰ ਰਹੀ ਹੈ। ਅਨਿਸ਼ਚਿਤਤਾ ਦੇ ਧੁੰਦਲਕੇ ਨੂੰ ਦੂਰ ਕਰਨ, ਕਾਰੋਬਾਰਾਂ ਨੂੰ ਨਵੇਂ ਮੌਕਿਆਂ ਦਾ ਲਾਭ ਉਠਾਉਣ ਵਿੱਚ ਮਦਦ ਕਰਨ ਅਤੇ ਪਰਿਵਾਰਾਂ ਨੂੰ ਆਪਣੇ ਭਵਿੱਖ ਦੀ ਯੋਜਨਾ ਬਣਾਉਣ ਲਈ ਵਿਸ਼ਵਾਸ ਦੇਣ ਲਈ ਇਹ ਬਹੁਤ ਮਹੱਤਵਪੂਰਨ ਹੈ।

ਸਾਡੀ ਨਵੀਂ ਸਰਕਾਰ ਇੱਕ ਅਜਿਹਾ ਕੈਨੇਡਾ ਬਣਾ ਰਹੀ ਹੈ ਜੋ ਸਿਰਫ਼ ਮਜ਼ਬੂਤ ਹੀ ਨਹੀਂ, ਸਗੋਂ ਚੰਗਾ ਵੀ ਹੈ; ਸਿਰਫ਼ ਖੁਸ਼ਹਾਲ ਹੀ ਨਹੀਂ, ਸਗੋਂ ਨਿਰਪੱਖ ਵੀ ਹੈ। ਇੱਕ ਅਜਿਹਾ ਕੈਨੇਡਾ ਜੋ ਸਿਰਫ਼ ਕੁਝ ਲੋਕਾਂ ਲਈ ਨਹੀਂ, ਸਗੋਂ ਹਰ ਸਮੇਂ ਸਾਰਿਆਂ ਲਈ ਹੈ। ਅਸੀਂ ਸਾਰਿਆਂ ਲਈ ਮਜ਼ਬੂਤ ਕੈਨੇਡਾ ਬਣਾ ਰਹੇ ਹਾਂ।

## ਹਵਾਲੇ

"2026 ਦਾ ਬਸੰਤ ਆਰਥਿਕ ਅੱਪਡੇਟ ਸਾਡੇ ਬਜਟ ਦੀ ਗਤੀ ਨੂੰ ਅੱਗੇ ਵਧਾਉਂਦਾ ਹੈ, ਜੋ ਸਾਰਿਆਂ ਲਈ ਮਜ਼ਬੂਤ ਕੈਨੇਡਾ ਬਣਾਉਣ ਲਈ ਨਿਰੰਤਰ ਵਿੱਤੀ ਅਨੁਸ਼ਾਸਨ ਦੇ ਨਾਲ ਰਣਨੀਤਕ ਨਿਵੇਸ਼ਾਂ ਨੂੰ ਜੋੜਦਾ ਹੈ—ਜੋ ਅੱਜ ਖੁਸ਼ਹਾਲੀ ਪ੍ਰਦਾਨ ਕਰਦਾ ਹੈ ਅਤੇ ਕੱਲ੍ਹ ਲਈ ਸਾਡੀ ਆਰਥਿਕਤਾ ਨੂੰ ਮਜ਼ਬੂਤ ਕਰਦਾ ਹੈ। ਕੈਨੇਡਾ ਦੇ ਇਤਿਹਾਸ ਦੇ ਇਸ ਅਹਿਮ ਮੋੜ 'ਤੇ, ਅਸੀਂ ਤਾਕਤ, ਦ੍ਰਿੜਤਾ ਅਤੇ ਉਤਸ਼ਾਹ ਨਾਲ ਅਨਿਸ਼ਚਿਤਤਾ ਅਤੇ ਵਿਸ਼ਵਵਿਆਪੀ ਚੁਣੌਤੀਆਂ ਦੇ ਵਿਚਕਾਰ ਇੱਕ ਰਸਤਾ ਤੈਅ ਕਰ ਰਹੇ ਹਾਂ — ਅਤੇ ਕੈਨੇਡਾ ਨਿਵਾਸਿਆਂ ਦੁਆਰਾ, ਕੈਨੇਡਾ ਨਿਵਾਸਿਆਂ ਲਈ, ਇੱਕ ਮਜ਼ਬੂਤ ਕੈਨੇਡਾ ਦੀ ਆਰਥਿਕਤਾ ਦਾ ਨਿਰਮਾਣ ਕਰ ਰਹੇ ਹਾਂ।"

- *ਮਾਣਯੋਗ ਫ੍ਰੈਂਕੋਇਸ-ਫਿਲਿਪ ਸ਼ੈਂਪੇਨ (The Honourable François-Philippe Champagne), ਵਿੱਤ ਅਤੇ ਰਾਸ਼ਟਰੀ ਮਾਲੀਆ ਮੰਤਰੀ*

## ਸੰਪਰਕ

**ਮੀਡੀਆ ਇਨ੍ਹਾਂ ਨਾਲ ਸੰਪਰਕ ਕਰ ਸਕਦਾ ਹੈ:**

ਜੌਨ ਫ੍ਰੈਗੋਸ (John Fragos)
ਪ੍ਰੈਸ ਸਕੱਤਰ
ਵਿੱਤ ਅਤੇ ਰਾਸ਼ਟਰੀ ਮਾਲੀਆ ਮੰਤਰੀ ਦਾ ਦਫ਼ਤਰ
john.fragos@fin.gc.ca

ਮੀਡੀਆ ਰਿਲੇਸ਼ਨਜ਼
ਵਿੱਤ ਵਿਭਾਗ ਕੈਨੇਡਾ
mediare@fin.gc.ca
613-369-4000

**ਆਮ ਪੁੱਛਗਿੱਛ**

ਫ਼ੋਨ: 1-833-712-2292
TTY: 613-369-3230
ਈ-ਮੇਲ: financepublic-financepublique@fin.gc.ca

**ਜੁੜੇ ਰਹੋ**

- ਸਾਨੂੰ Facebook 'ਤੇ ਫਾਲੋ ਕਰੋ
- ਸਾਨੂੰ X – @FinanceCanada'ਤੇ ਫਾਲੋ ਕਰੋ
- ਸਾਨੂੰ LinkedIn 'ਤੇ ਫਾਲੋ ਕਰੋ
- ਸਾਡੀਆਂ RSS ਫੀਡਾਂ ਨੂੰ ਆਪਣੇ ਫੀਡ ਰੀਡਰ ਵਿੱਚ ਸ਼ਾਮਲ ਕਰੋ